# ਬੁੱਤ ਜਾਗ ਪਿਆ

ਲੇਖਕ ਵੱਲੋਂ ਨਾਟਕ ਤੋਂ ਪਹਿਲਾਂ ਕੁਮੈਂਟਰੀ–

ਇਹ ਨਾਟਕ ਇਕ ਸੱਚੀ ਘਟਨਾ ਦੀ ਦੇਣ ਹੈ। 23 ਮਾਰਚ 1993, ਮੈਂ ਖਟਕੜ ਕਲਾਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦੇਣ ਖਟਕੜ ਕਲਾਂ ਪੁੱਜਾ। ਖਟਕੜ ਕਲਾਂ ਜਲੰਧਰ ਤੋਂ ਚੰਡੀਗੜ੍ਹ ਮੁੱਖ ਸੜਕ 'ਤੇ ਬੰਗਾ ਅਤੇ ਨਵਾਂ ਸ਼ਹਿਰ ਦੇ ਦਰਮਿਆਨ ਹੈ। ਉਥੇ ਭਗਤ ਸਿੰਘ ਦਾ ਇਕ ਆਦਮਕੱਦ ਬੁੱਤ ਹੈ, ਜਿਸਦੇ ਆਲੇ-ਦੁਆਲੇ ਵਾਲੇ ਮੈਦਾਨ ਵਿਚ ਹਰ ਸਾਲ ਵੱਡਾ ਸ਼ਹੀਦੀ ਮੇਲਾ ਹੁੰਦਾ ਹੈ। ਜਦੋਂ ਮੈਂ ਉਥੇ ਪੁੱਜਿਆ ਤਾਂ ਵੇਖਿਆ ਕਿ ਬੁੱਤ ਵਾਲੀ ਥਾਂ ਪੁਲਿਸ ਨੇ ਘੇਰੀ ਹੋਈ ਹੈ। ਪਤਾ ਲੱਗਿਆ ਕਿ ਦਿੱਲੀ ਤੇ ਚੰਡੀਗੜ੍ਹ ਤੋਂ ਵੱਡੇ ਲੀਡਰ ਆ ਰਹੇ ਹਨ। ਬੁੱਤ ਦੇ ਪਿਛਲੇ ਮੈਦਾਨ ਵਿਚ ਇਕ ਸਰਕਾਰੀ ਜਲਸੇ ਦਾ ਪ੍ਰਬੰਧ ਹੈ। ਜਲਸੇ 'ਚ ਲੋਕ ਇਕੱਠੇ ਹੋਏ ਹੋਏ ਹਨ। ਲੀਡਰ ਹਾਲੇ ਨਹੀਂ ਪੁੱਜੇ। ਇਕ ਗਾਇਕ ਗੀਤ ਗਾ ਰਿਹਾ ਸੀ, 'ਬੇਰੀਆਂ ਦੇ ਬੇਰ ਖਾਣੀਏ, ਸਾਨੂੰ ਗਿੱਟਕਾਂ ਗਿਣਨ 'ਤੇ ਰੱਖ ਲੈ'। ਸਰਕਾਰੀ ਜਲਸਾ ਹੈ, ਗੀਤ ਇਹ ਨਹੀਂ ਗਾਇਆ ਜਾ ਰਿਹਾ 'ਮੇਰਾ ਰੰਗ ਦੇ ਬਸੰਤੀ ਚੋਲਾ' ਜਾਂ 'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।' ਉਹ ਗੀਤ ਜਿਹੜੇ ਭਗਤ ਸਿੰਘ ਤੇ ਉਹਦੇ ਸਾਥੀ ਜੇਲ੍ਹ ਵਿਚ ਜਾਂ ਫਾਂਸੀ ਦੇ ਤਖ਼ਤਿਆਂ 'ਤੇ ਗਾਉਂਦੇ ਸਨ, ਸਗੋਂ ਗੀਤ ਗਾਇਆ ਜਾ ਰਿਹਾ ਸੀ 'ਬੇਰੀਆਂ ਦੇ ਬੇਰ ਖਾਣੀਏ'। ਵਕਤ ਦੇ ਹਾਕਮ ਚਾਹੁੰਦੇ ਹਨ ਕਿ ਅੱਜ ਦੇ ਨੌਜਵਾਨ, ਭਗਤ ਸਿੰਘ ਦੇ ਵਾਰਿਸ ਉਹ ਗੀਤ ਨਾ ਗਾਉਣ, ਇਨਕਲਾਬ ਦੀ ਗੱਲ ਕਰਨ, ਸਗੋਂ ਉਹ ਗੀਤ ਗਾਉਣ ਕਿ ਕੁੜੀਆਂ ਬੇਰੀਆਂ ਦੇ ਬੇਰ ਖਾਣ ਤੇ ਉਹ ਥੱਲੇ ਗਿੱਟਕਾਂ ਗਿਣਦੇ ਰਹਿਣ। ਉਹਦਾ ਗੀਤ ਖਤਮ ਹੋਇਆ ਤਾਂ ਇਕ ਬੀਬੀ ਨੇ ਗੀਤ ਸ਼ੁਰੂ ਕੀਤਾ 'ਮੇਰਾ ਲੌਂਗ ਗਵਾਚਾ, ਪਿੱਛੇ-ਪਿੱਛੇ ਲੱਭਦਾ ਆਈਂ'। ਯਾਨੀ ਹੁਣ ਭਗਤ ਸਿੰਘ ਦੇ ਵਾਰਿਸਾਂ ਦਾ ਇਹ ਕੰਮ ਰਹਿ ਗਿਆ ਹੈ ਕਿ ਉਹ ਬੀਬੀਆਂ

ਦੇ ਗਵਾਚੇ ਲੌਂਗ ਲੱਭਦੇ ਰਹਿਣ ਤੇ ਆਪ ਵੀ ਗਵਾਚੇ ਰਹਿਣ। ਉਹ ਇਹ ਨਾ ਸੋਚਣ ਕਿ ਉਹ ਪੜ੍ਹ ਲਿਖ ਕੇ ਬੇਰੁਜ਼ਗਾਰ ਕਿਉਂ ਨੇ ? ਇਹ ਨਾਬਰਾਬਰੀ ਦਾ ਉਲਟ ਇਨਕਲਾਬ ਦਾ ਸਮਾਜ ਕਿਉਂ ਚੱਲ ਰਿਹਾ ਹੈ ? ਬੀਬੀ ਦਾ ਗੀਤ ਖ਼ਤਮ ਹੋਇਆ ਤਾ ਦਿੱਲੀ ਤੇ ਚੰਡੀਗੜ੍ਹ ਦੇ ਲੀਡਰ ਪੁੱਜ ਗਏ। ਉਨ੍ਹਾਂ ਨੇ ਭਗਤ ਸਿੰਘ ਦੇ ਬੁੱਤ ਅੱਗੇ ਮੱਥਾ ਟੇਕਿਆ। ਚਰਨ ਧੂੜ ਮੱਥੇ 'ਤੇ ਲਾਈ ਤੇ ਫੇਰ ਉਹਦੇ ਗਲੇ 'ਚ ਹਾਰ ਪਾਇਆ। ਉਸ ਵੇਲੇ ਮੈਨੂੰ ਖਿਆਲ ਆਇਆ ਕਿ ਜੇਕਰ ਭਗਤ ਸਿੰਘ ਬੁੱਤ ਨਾ ਹੁੰਦਾ ਸਗੋਂ ਫਾਂਸੀ ਦੇ ਤਖ਼ਤੇ 'ਤੇ ਇਨਕਲਾਬ ਜ਼ਿੰਦਾਬਾਦ' ਨਾਅਰਾ ਉੱਚਾ ਕਰਨ ਵਾਲਾ ਹੁੰਦਾ ਤਾਂ ਉਹ ਇਨ੍ਹਾਂ ਲੀਡਰਾਂ ਤੋਂ ਹਾਰ ਪਵਾਉਣ ਦੀ ਥਾਂ ਉਨ੍ਹਾਂ ਦੇ ਇਕ ਚਪੇੜ ਮਾਰਦਾ ਤੇ ਕਹਿੰਦਾ 'ਦੁਸ਼ਟੋ ਤੁਸੀਂ ਮੇਰੇ ਸਿਧਾਂਤ ਨਾਲ ਤਾਂ ਗ਼ਦਾਰੀ ਕੀਤੀ ਹੈ ਪਰ ਮੈਨੂੰ ਹੁਣ ਝੂਠੀਆਂ ਸ਼ਰਧਾਂਜਲੀਆਂ ਦੇ ਕੇ ਮੇਰੇ ਨਾਲ ਧੋਖਾ ਕਰ ਰਹੇ ਹੋ।' ਇਸ ਵਿਚਾਰ ਨੂੰ ਹੀ ਮੈਂ ਇਕ ਨਾਟਕ ਦਾ ਰੂਪ ਦਿੱਤਾ। ਇਸ ਨਾਟਕ ਵਿਚ ਭਗਤ ਸਿੰਘ ਆਏਗਾ, ਆਪਣੀ ਥਾਂ 'ਤੇ ਬੁੱਤ ਬਣੇਗਾ। ਦਿੱਲੀ ਅਤੇ ਚੰਡੀਗੜ੍ਹ ਦੇ ਲੀਡਰ ਵੀ ਆਉਣਗੇ। ਭਗਤ ਸਿੰਘ ਦੀ ਭੈਣ ਵੀ ਆਏਗੀ। ਨਾਟਕ ਪੇਸ਼ ਕਰ ਰਹੇਹਾਂ 'ਬੁੱਤ ਜਾਗ ਪਿਆ' ਆ ਰਿਹਾ ਹੈ ਭਗਤ ਸਿੰਘ ਆਪਣੀ ਥਾਂ ਬੁੱਤ ਬਣਨ ਲਈ।

*(ਭਗਤ ਸਿੰਘ ਆਪਣੀ ਥਾਂ 'ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਉਂਦਾ ਆਉਂਦਾ ਹੈ ਅਤੇ ਬੁੱਤ ਦੀ ਸ਼ਕਲ ਵਿਚ ਇਕ ਥੜ੍ਹੇ 'ਤੇ ਖਲੋ ਜਾਂਦਾ ਹੈ। ਦਿੱਲੀ ਅਤੇ ਚੰਡੀਗੜ੍ਹ ਦੇ ਲੀਡਰ ਆਉਂਦੇ ਹਨ। ਉਹ ਭਗਤ ਸਿੰਘ ਦੇ ਬੁੱਤ ਅੱਗੇ ਮੱਥਾ ਟੇਕਦੇ ਹਨ, ਫੇਰ ਚਰਨ ਧੂੜ ਆਪਣੇ ਮੱਥੇ 'ਤੇ ਲਗਾਉਂਦੇ ਹਨ। ਦਿੱਲੀ ਦਾ ਲੀਡਰ ਸੱਜੇ ਪਾਸੇ ਮਾਈਕ 'ਤੇ ਆਉਂਦਾ ਹੈ।)*

ਦਿੱਲੀ ਦਾ ਲੀਡਰ : ਮੇਰੇ ਸੂਰਬੀਰ ਭੈਣੋ ਤੇ ਭਰਾਵੋ, ਸਾਨੂੰ ਖੁਸ਼ੀ ਹੈ ਕਿ ਅੱਜ ਸਾਨੂੰ ਭਾਰਤ ਦੇ ਮਹਾਨ ਸ਼ਹੀਦ ਭਗਤ ਸਿੰਘ ਨੂੰ ਉਹਦੇ ਸ਼ਹੀਦੀ ਦਿਨ 'ਤੇ ਸ਼ਰਧਾਂਜਲੀ ਦੇਣ ਦਾ ਮੌਕਾ ਮਿਲਿਆ ਹੈ। ਭਗਤ ਸਿੰਘ ਨੇ ਫਾਂਸੀ ਦੇ ਤਖ਼ਤੇ 'ਤੇ ਨਾਅਰਾ ਲਗਾਇਆ ਸੀ 'ਇਨਕਲਾਬ ਜ਼ਿੰਦਾਬਾਦ'। ਅਸੀਂ ਇਨਕਲਾਬ ਤਾਂ ਨਹੀਂ ਲਿਆ ਸਕਦੇ ਕਿਉਂਕਿ ਭਾਰਤ ਨੇ ਵਿਦੇਸ਼ੀ ਮੁਲਕਾਂ ਦਾ ਬਹੁਤ ਸਾਰਾ ਕਰਜ਼ਾ ਦੇਣਾ ਹੈ। ਫੇਰ ਵੀ ਅਸੀਂ

ਇਨਕਲਾਬ ਜ਼ਿੰਦਾਬਾਦ ਜ਼ਰੂਰ ਆਖਾਂਗੇ। ਹੁਣ ਜਦੋਂ ਮੈਂ ਭਗਤ ਸਿੰਘ ਦੇ ਬੁੱਤ 'ਤੇ ਹਾਰ ਪਾਵਾਂ ਤਾਂ ਤੁਸੀਂ ਤਾੜੀਆਂ ਮਾਰ ਕੇ ਸਵਾਗਤ ਕਰਨਾ ਮੇਰਾ।

*(ਹਾਰ ਪਾਉਣ ਲਈ ਉੱਚੀ ਜਗ੍ਹਾ 'ਤੇ ਚੜ੍ਹਨ ਲਗਦਾ ਹੈ ਤਾਂ ਉਹਦੀ ਪਿੱਠ 'ਤੇ ਭਗਤ ਸਿੰਘ ਜ਼ੋਰ ਦਾ ਮੁੱਕਾ ਮਾਰਦਾ ਹੈ, ਉਹ ਥੱਲੇ ਡਿੱਗ ਪੈਂਦਾ ਹੈ। ਇਧਰ-ਉਧਰ ਘੁੰਮ ਕੇ ਵੇਖਦਾ ਹੈ ਪਰ ਉਹਨੂੰ ਕੁਝ ਨਹੀਂ ਪਤਾ ਲਗਦਾ। ਢੀਠਾਂ ਵਾਕੁਣ ਹੱਸਦਾ ਹੈ, ਫਿਰ ਕੋਸ਼ਿਸ਼ ਕਰਦਾ ਹੈ। ਉਂਝ ਦਰਸ਼ਕਾਂ ਨੂੰ ਇਹ ਪ੍ਰਭਾਵ ਦੇਂਦਾ ਹੈ, ਜਿਸ ਤਰ੍ਹਾਂ ਕੁਝ ਨਹੀਂ ਹੋਇਆ। ਦੂਜੀ ਕੋਸ਼ਿਸ਼ ਵਿਚ ਉਹਨੂੰ ਫੇਰ ਪਹਿਲੀ ਵਾਰ ਵਾਕੁਣ ਮੁੱਕਾ ਪੈਂਦਾ ਹੈ, ਉਹ ਹੈਰਾਨ ਹੈ ਪਰ ਇਹ ਗੱਲ ਸਮਝ ਜਾਂਦਾ ਹੈ ਕਿ ਕੁਝ ਗੜਬੜ ਜ਼ਰੂਰ ਹੈ। ਉਹ ਮਾਈਕ 'ਤੇ ਆ ਕੇ ਫੇਰ ਦਰਸ਼ਕਾਂ ਨੂੰ ਸੰਬੋਧਨ ਹੁੰਦਾ ਹੈ।)*

ਦਿੱਲੀ ਦਾ ਲੀਡਰ : ਭਰਾਵੋ ਅਤੇ ਭੈਣੋ, ਅਸਲ ਵਿਚ ਮੇਰੇ ਕੋਲੋਂ ਗ਼ਲਤੀ ਹੋ ਗਈ ਹੈ, ਹਾਰ ਪਾਉਣ ਦਾ ਪਹਿਲਾ ਹੱਕ ਸ: ਬੰਤਾ ਸਿੰਘ ਜੀ ਦਾ ਹੈ, ਜਿਨ੍ਹਾਂ ਨੇ ਇਸ ਧਰਤੀ 'ਤੇ ਭਗਤ ਸਿੰਘ ਦੇ ਮਿਸ਼ਨ ਨੂੰ ਅੱਗੇ ਲਿਜਾਣ ਵਿਚ ਵੱਡਾ ਹਿੱਸਾ ਪਾਇਆ।

ਬੰਤਾ ਸਿੰਘ : ਭਰਾਵੋ ਅਤੇ ਭੈਣੋ, ਇਹ ਲਾਲਾ ਜੀ ਦੀ ਬੜੀ ਫਰਾਖ਼ਦਿਲੀ ਹੈ ਕਿ ਉਹ ਹਾਰ ਪਾਉਣ ਦਾ ਪਹਿਲਾ ਹੱਕ ਮੈਨੂੰ ਦੇ ਰਹੇ ਹਨ। ਸਾਰਿਆਂ ਨਾਲੋਂ ਪਹਿਲੇ ਮੈਂ ਤੁਹਾਡੇ ਕੋਲੋਂ ਮੁਆਫੀ ਮੰਗਣੀ ਹੈ ਕਿ ਸਾਨੂੰ ਇਥੇ ਆਉਣ 'ਚ ਦੇਰੀ ਹੋ ਗਈ ਹੈ। ਲਾਲਾ ਜੀ ਜਦੋਂ ਚੰਡੀਗੜ੍ਹ ਤੋਂ ਇਥੇ ਆਏ ਤਾਂ ਕਈ ਥਾਂ ਭੀੜ ਨੇ ਇਨ੍ਹਾਂ ਦਾ ਸਵਾਗਤ ਕਰਨ ਲਈ ਇਨ੍ਹਾਂ ਨੂੰ ਰੋਕਿਆ। ਹੁਣ ਮੈਂ ਇਨ੍ਹਾਂ ਦਾ ਕਿਹਾ ਨਹੀਂ ਮੋੜ ਸਕਦਾ। ਅਸੀਂ ਬਾਰ੍ਹਾਂ ਸਾਲ ਬੜਾ ਸੰਤਾਪ ਭੋਗਿਆ। ਇਹ ਸੰਤਾਪ ਇਸ ਲਈ ਭੋਗਿਆ ਕਿਉਂਕਿ ਅਸੀਂ ਭਗਤ ਸਿੰਘ ਦੇ ਇਨਕਲਾਬੀ ਮਿਸ਼ਨ ਨੂੰ ਭੁੱਲ ਗਏ ਸਾਂ। ਹੁਣ ਲਾਲਾ ਜੀ ਦੇ ਹੁਕਮ ਮੁਤਾਬਿਕ ਮੈਂ ਭਗਤ ਸਿੰਘ ਦੇ ਬੁੱਤ ਨੂੰ ਹਾਰ ਪਾ ਕੇ ਆਪਣੀ ਸ਼ਰਧਾਂਜਲੀ ਪੇਸ਼ ਕਰਾਂਗਾ।

*(ਹਾਰ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਲਾਲਾ ਜੀ ਵਾਕੁਣ ਉਹਨੂੰ ਵੀ ਮੁੱਕਾ ਪੈਂਦਾ ਹੈ। ਉਹ ਏਧਰ-ਉਧਰ ਵੇਖਦਾ ਹੈ। ਦੂਜੀ ਵਾਰੀ ਜਕੋ-ਤਕੀ ਵਿਚ ਹਾਰ ਪਾਉਣ ਦਾ ਉਪਰਾਲਾ ਕਰਦਾ ਹੈ। ਕਦੀ ਇਕ ਪਾਸੇ ਤੋਂ ਕਦੀ ਦੂਜੇ ਪਾਸੇ ਤੋਂ। ਦੂਜੀ ਵਾਰ ਉਹਨੂੰ ਪਤਾ ਲੱਗ ਚੁੱਕਾ ਹੈ ਕਿ ਕੋਈ ਗੈਬੀ ਸ਼ਕਤੀ ਉਹਨੂੰ ਹਾਰ ਪਾਉਣ ਤੋਂ ਰੋਕ ਰਹੀ ਹੈ। ਦੂਜੀ ਵਾਰ ਨਾ ਕਾਮਯਾਬੀ ਤੋਂ ਬਾਅਦ ਉਹ ਫੇਰ ਮਾਈਕ 'ਤੇ ਆਉਂਦਾ ਹੈ।)*

ਬੰਤਾ ਸਿੰਘ : ਭਰਾਵੋ ਤੇ ਭੈਣੋ, ਭਾਵੇਂ ਲਾਲਾ ਜੀ ਦਾ ਹੁਕਮ ਤਾ ਮੈਂ ਨਹੀਂ ਮੋੜ ਸਕਦਾ ਸਾਂ, ਪਰ ਫੇਰ ਵੀ ਮੈਂ ਸਮਝਦਾ ਹਾਂ ਕਿ ਹਾਰ ਪਾਉਣ ਦਾ ਪਹਿਲਾ ਹੱਕ ਲਾਲਾ ਜੀ ਦਾ ਹੈ। (ਲਾਲਾ ਜੀ ਨੂੰ ਸੰਬੋਧਨ) ਆਓ ਲਾਲਾ ਜੀ।

*(ਲਾਲਾ ਜੀ ਇਹ ਸੁਣ ਕੇ ਕੰਬਣ ਲੱਗ ਪੈਂਦੇ ਹਨ। ਇਹਨਾਂ ਦਾ ਮਾਈਮ ਇਸ ਤਰ੍ਹਾਂ ਹੈ ਕਿ ਉਹ ਬੜੇ ਡਰੇ ਹੋਏ ਹਨ। ਪਰ ਫੇਰ ਵੀ ਉਤੋਂ-ਉਤੋਂ ਬਹਾਦਰੀ ਦਾ ਪ੍ਰਗਟਾਵਾ ਕਰ ਰਹੇ ਹਨ। ਪਹਿਲਾਂ ਉਹਨਾਂ ਦੀ ਟੋਪੀ ਡਿੱਗ ਪੈਂਦੀ ਹੈ, ਟੋਪੀ ਚੁੱਕਦੇ ਹਨ। ਫੇਰ ਹਾਰ ਪਾਉਣ ਦਾ ਸਾਰਾ ਉਪਰਾਲਾ ਕਰਦੇ ਹਨ। ਉਨ੍ਹਾਂ ਦੀ ਐਕਟਿੰਗ ਇਹੋ ਜਿਹੀ ਹੈ ਕਿ ਉਹ ਡਰੇ ਵੀ ਹੋਏ ਹਨ ਪਰ ਫੇਰ ਵੀ ਹਾਰ ਪਾਉਣ ਦਾ ਦਾਅ ਮਾਰਨਾ ਚਾਹੁੰਦੇ ਹਨ। ਭਗਤ ਸਿੰਘ ਦੇ ਬੁੱਤ ਨੂੰ ਵੱਖ-ਵੱਖ ਥਾਂ ਤੋਂ ਟੋਹੰਦੇ ਹਨ। ਇਹ ਦੇਖਣ ਲਈ ਕਿ ਵਾਕਈ ਭਗਤ ਸਿੰਘ ਦਾ ਬੁੱਤ ਹੈ ਜਾਂ ਬੁੱਤ ਦੇ ਉਹਲੇ ਕੋਈ ਲੁਕਿਆ ਹੋਇਆ ਵਿਅਕਤੀ ਸਾਰੀ ਕਾਰਵਾਈ ਕਰ ਰਿਹਾ ਹੈ। ਫੇਰ ਉਹ ਹੌਲੇ-ਹੌਲੇ ਨੀਵੇਂ ਹੋ ਕੇ ਹਾਰ ਪਾਉਣ ਦਾ ਯਤਨ ਕਰਦੇ ਹਨ। ਹੁਣ ਮੁੱਕਾ ਬੜੇ ਜ਼ੋਰ ਨਾਲ ਪੈਂਦਾ ਹੈ। ਲਾਲਾ ਜੀ ਮੂਧੇ ਮੂੰਹ ਡਿੱਗ ਪੈਂਦੇ ਹਨ। ਉੱਠਣ ਦੀ ਕੋਸ਼ਿਸ਼ ਕਰਦੇ ਹਨ, ਫੇਰ ਡਿੱਗ ਪੈਂਦੇ ਹਨ। ਬੰਤਾ ਸਿੰਘ ਉਨ੍ਹਾਂ ਨੂੰ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਵੀ ਡਿੱਗ ਪੈਂਦੇ ਹਨ। ਵੱਡੀ ਕੋਸ਼ਿਸ਼ ਤੋਂ ਬਾਅਦ ਫੇਰ ਮਾਈਕ 'ਤੇ ਆਏ ਹਨ। ਹੁਣ ਲਾਲਾ ਜੀ ਸੱਜੇ ਮਾਈਕ 'ਤੇ ਹਨ ਤੇ ਬੰਤਾ ਸਿੰਘ ਖੱਬੇ ਮਾਈਕ 'ਤੇ ਹਨ। ਦੋਨੋਂ ਇਕ ਦੂਜੇ ਨੂੰ ਹਾਰ ਪਾਉਣ ਲਈ ਕਹਿੰਦੇ ਹਨ। 'ਪਹਿਲੇ ਆਪ' ਵਾਲੀ ਐਕਟਿੰਗ ਹੈ।)*

ਲਾਲਾ ਜੀ : ਅਸਲ ਵਿਚ ਪਹਿਲੇ ਹਾਰ ਪਾਉਣ ਦਾ ਹੱਕ ਬੰਤਾ ਸਿੰਘ ਦਾ ਹੈ। ਉਹ ਪੰਜਾਬ ਦੇ ਸ਼ੇਰ ਹਨ। ਬੰਤਾ ਸਿੰਘ ਜੀ ਪਹਿਲੇ ਹਾਰ ਤੁਸੀਂ ਪਾਓ।

ਬੰਤਾ ਸਿੰਘ : ਨਹੀਂ ਲਾਲਾ ਜੀ, ਇਹ ਹੱਕ ਤੁਹਾਡਾ ਹੈ, ਤੁਸੀਂ ਹਿੰਦੁਸਤਾਨ ਦੇ ਸ਼ੇਰ ਹੋ, ਪਹਿਲੇ ਹਾਰ ਤੁਸੀਂ ਪਾਓ।

ਲਾਲਾ ਜੀ : ਨਹੀਂ ਬੰਤਾ ਸਿੰਘ ਜੀ, ਪੰਜਾਬ ਸਾਰਾ ਤੁਹਾਡੇ ਸਿਰ 'ਤੇ ਚੱਲ ਰਿਹਾ ਹੈ, ਪਹਿਲਾਂ ਤੁਸੀਂ ਹਾਰ ਪਾਓ।

ਬੰਤਾ ਸਿੰਘ : ਨਹੀਂ ਲਾਲਾ ਜੀ, ਸਾਰਾ ਹਿੰਦੁਸਤਾਨ ਤੁਹਾਡੇ ਸਿਰ 'ਤੇ ਚੱਲ ਰਿਹਾ ਹੈ, ਪਹਿਲੇ ਹਾਰ ਤੁਸੀਂ ਪਾਓ।

ਲਾਲਾ ਜੀ : ਤੁਸੀਂ ਪੰਜਾਬੀ ਮਾਂ ਦੇ ਬੱਬਰ ਸ਼ੇਰ ਹੋ। ਪਹਿਲੇ ਹਾਰ ਤੁਸੀਂ ਪਾਓ।

ਬੰਤਾ ਸਿੰਘ : ਤੁਸੀਂ ਹਿੰਦੋਸਤਾਨ ਦੇ ਬੱਬਰ ਸ਼ੇਰ ਹੋ, ਪਹਿਲੇ ਹਾਰ ਤੁਸੀਂ ਪਾਓ।

ਲਾਲਾ ਜੀ : ਪਹਿਲੇ ਤੁਸੀਂ ਪਾਓ।

ਬੰਤਾ ਸਿੰਘ : ਪਹਿਲੇ ਤੁਸੀਂ ਪਾਓ।

*(ਇਹ ਐਕਟਿੰਗ ਕਰ ਰਹੇ ਹਨ, ਜਦੋਂ ਹਾਰ ਚੁੱਕੀ ਇਕ ਕੁੜੀ ਦਾਖ਼ਲ ਹੁੰਦੀ ਹੈ।)*

ਕੁੜੀ : ਇਹ ਹਾਰ ਮੈਂ ਪਾਵਾਂਗੀ।

*(ਕੁੜੀ ਇਕ ਮਾਈਕ 'ਤੇ ਆਉਂਦੀ ਹੈ। ਉਹ ਦੋਨੋਂ ਦੂਜੇ ਪਾਸੇ ਹੋ ਜਾਂਦੇ ਹਨ।)*

ਇਕੱਠੇ : ਤੂੰ ਕੌਣ ਏ ?

ਕੁੜੀ : ਭਗਤ ਸਿੰਘ ਦੀ ਭੈਣ, ਇਹ ਹਾਰ ਮੈਂ ਪਾਵਾਂਗੀ।

ਲਾਲਾ ਜੀ : ਤੂੰ ਪਾ ਲੈ।

ਬੰਤਾ ਸਿੰਘ : ਤੂੰ ਘਸੁੰਨ ਖਾ ਲੈ।

*(ਕੁੜੀ ਉੱਚੀ ਥਾਂ 'ਤੇ ਚੜ੍ਹ ਕੇ ਹਾਰ ਪਾਉਂਦੀ ਹੈ। ਦਰਸ਼ਕ ਤਾੜੀਆਂ ਮਰਾਦੇ ਹਨ। ਦੋਨੋਂ ਲੀਡਰ ਘਬਰਾਉਂਦੇ ਹਨ। ਸਿਰ 'ਤੇ ਜੁੱਤੀਆਂ ਰੱਖ ਕੇ ਨੱਸਣਾ ਚਾਹੁੰਦੇ ਹਨ।)*

ਕੁੜੀ : ਦੁਸ਼ਟੋ, ਮੇਰੇ ਵੀਰ ਭਗਤ ਸਿੰਘ ਨੇ ਤੁਹਾਨੂੰ ਜਿਉਂਦੇ ਜੀਅ ਪਛਾਣ ਲਿਆ ਸੀ ਪਰ ਉਹਦੇ ਵਾਰਿਸ ਹੁਣ ਤੁਹਾਨੂੰ ਚੰਗੀ ਤਰ੍ਹਾਂ ਪਛਾਣਦੇ ਹਨ। ਇਨਕਲਾਬ ਜ਼ਿੰਦਾਬਾਦ।

*(ਉਹ ਨਾਅਰੇ ਮਾਰਦੀ ਉਨ੍ਹਾਂ ਵੱਲ ਜਾਂਦੀ ਹੈ। ਉਹ ਬਚਾਅ ਕਰਦੇ ਅੱਗੇ-ਅੱਗੇ ਜਾਂਦੇ ਹਨ ਤੇ ਫੇਰ ਸਿਰ 'ਤੇ ਜੁੱਤੀਆਂ ਰੱਖ ਕੇ ਹੀ ਬਾਹਰ ਨਿਕਲ ਜਾਂਦੇ ਹਨ।)*

ਕੁੜੀ : (ਦਰਸ਼ਕਾਂ ਨੂੰ ਸੰਬੋਧਨ)-ਮੇਰੇ ਲੋਕੋ, ਜੇ ਤੁਸੀਂ ਚਾਹੁੰਦੇ ਹੋ ਕਿ ਭਗਤ ਸਿੰਘ ਦੇ ਸੁਪਨੇ ਪੂਰੇ ਹੋਣ ਤਾਂ ਮੇਰੇ ਨਾਲ ਰਲ ਕੇ ਇਸ ਨਾਅਰੇ ਨੂੰ ਉੱਚਾ ਕਰੋ-ਇਨਕਲਾਬ...

ਦਰਸ਼ਕ : ਜ਼ਿੰਦਾਬਾਦ।

*(ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਦੇ ਹਨ। ਭਗਤ ਸਿੰਘ ਵੀ ਇਹ ਨਾਅਰਾ ਲਗਾਉਂਦਾ ਹੈ ਤੇ ਨਾਟਕ ਖਤਮ ਹੁੰਦਾ ਹੈ।)*

*(ਸਮਾਪਤ)*